## ਖੇਤ ਦੀ ਤਿਆਰੀ:-

ਜਦੋਂ ਵੀ ਕੋਈ ਫਸਲ ਬੀਜਣੀ ਹੈ ਤਾਂ ਉਸ ਸਮੇਂ "ਤਿਆਰੀ ਏਕ, ਫਸਲ ਅਨੇਕ" ਦੇ ਸਿਧਾਂਤ ਨੂੰ ਧਿਆਨ ਵਿੱਚ ਰੱਖ ਕੇ ਕਰੋ।

## ਕਿਵੇਂ ਕਰੀਏ ਤਿਆਰੀ ?

ਖੇਤ ਦੀ ਤਿਆਰੀ ਸੌਂ ਖੇਤ ਵਿੱਚ ਮੱਲੜ (ਦੇਸੀ ਰੂੜੀ) ਦੀ ਪੂਰਤੀ ਕੀਤੀ ਜਾਵੇ।

ਖੇਤ ਨੂੰ ਲੇਜ਼ਰ ਲੈਵਲ ਕਰ ਲਿਆ ਜਾਵੇ, ਵਹਾਈ ਕਰ ਲਵੋ।

ਹਲ ਤੋਂ ਹਲ ਦੀ ਦੂਰੀ 4 ਫੁੱਟ ਰੱਖ ਕੇ ਪਟੜੇ ਤਿਆਰ ਕਰ ਲਵੋ।

ਜੇਕਰ ਗੰਨਾ ਜਾਂ ਅਗੇਤੀਆਂ ਗਰਮੀਆਂ ਦੀਆਂ ਫਸਲਾਂ ਦੀ ਖੇਤੀ ਕਰਨੀ ਹੈ ਤਾਂ ਪੱਟੜਿਆਂ ਦੀ ਦਿਸ਼ਾ ਪੂਰਬ-ਪੱਛਮ ਰੱਖੋ, ਰੁੱਤ (ਹਾੜੀ-ਸਾਉਣੀ) ਦੀਆਂ ਫਸਲਾਂ ਵਾਸਤੇ ਇਹ ਦਿਸ਼ਾ ਉੱਤਰ-ਦੱਖਣ ਰੱਖੋ।

ਪਹਿਲਾਂ ਪਾਣੀ ਲਾਓ ਫਿਰ ਫਸਲ ਬੀਜੋ।

ਪਾਣੀ ਹਮੇਸ਼ਾ ਖਾਲ਼ਾਂ ਵਿੱਚ ਹੀ ਲਾਓ।

ਫਸਲਾਂ ਦਾ ਬਸੇਰਾ ਹਮੇਸ਼ਾਂ ਉੱਚੇ ਥਾਂ ਰੱਖੋ।

ਜੰਗਲ ਦਾ ਸਿਧਾਂਤ ਲਾਜ਼ਮੀ ਲਾਗੂ ਕਰੋ।

## ਫਗਵਾੜਾ ਗੁਡ ਗਰੋ ਤਕਨੀਕ ਰਾਹੀਂ ਕਣਕ ਵਿੱਚ ਰਲਵੀਆਂ ਫਸਲਾ ਦੀ ਸਾਰਣੀ ਨੰ-1

ਪਾਣੀ ਦੀ 80% ਬੱਚਤ, ਬੀਜ ਦੀ 90% ਬੱਚਤ, ਖਰਚਾ ਇੱਕ ਫਸਲ ਤੋਂ ਵੀ 50% ਘੱਟ, ਆਮਦਨ ਦੁੱਗਣੀ।

| ਲੜੀ ਨੰ | ਫਸਲ | ਬੀਜਣ ਦਾ ਸਮਾਂ | ਬੀਜ ਦੀ ਮਾਤਰਾ / ਏਕੜ | ਪੱਕਣ ਦਾ ਸਮਾਂ | ਝਾੜ / ਏਕੜ | ਰੇਟ / ਕੁਇੰਟਲ |
|---|---|---|---|---|---|---|
| 1 | ਕਣਕ | ਨਵੰਬਰ | 32000 ਬੀਜ / 1250 Gm | ਅਪ੍ਰੈਲ | 15 Qnt. | 2015 |
| 2 | ਮਟਰ | ਅਕਤੂਬਰ-ਨਵੰਬਰ | 6500 ਬੀਜ | ਫਰਵਰੀ-ਮਾਰਚ | 30 Qnt. | 1000-3000 |
| 3 | ਮੈਂਥਾ | ਜਨਵਰੀ-ਫਰਵਰੀ | 20 Kg / 32000 Nodes | ਜੂਨ | 50 Kg | 700-1500/Kg |

ਲਗਭਗ (ਅੰਦਾਜਨ) ਆਮਦਨ 145225

ਖੇਤੀ ਦਾ ਆਧੁਨਿਕ ਤਰੀਕਾ

ਇਸ ਸਰਿਣੀ ਵਿੱਚ ਦਰਸਾਈਆਂ ਫਸਲਾਂ ਦੀ ਕਾਸ਼ਤ ਲਈ ਤਿਆਰ ਕੀਤੇ ਪਟੜਿਆਂ ਦੀ ਇਕ ਖ਼ਾਲ ਬੰਦ ਅਤੇ ਦੂਜੀ ਖੁੱਲੀ ਰੱਖੀ ਜਾਵੇ।

ਕਣਕ-

ਖੁਲੀਆਂ ਖ਼ਾਲਾਂ ਵਿੱਚ ਪਾਣੀ ਲਗਾਓ। ਪਾਣੀ ਨੂੰ ਪਟੜਿਆਂ ਉੱਪਰ ਨਾਂ ਚੜ੍ਹਣ ਦਿਓ।

ਵਤਰ ਆਉਣ ਤੇ ਕਣਕ ਦੇ ਬੀਜ ਦੀਆਂ 2 ਕਤਾਰਾਂ ਪਟੜੇ ਦੇ ਕਿਨਾਰੇ ਤੋਂ 3 ਇੰਚ ਦੂਰ ਲਗਾਓ। ਬੀਜ ਤੋਂ ਬੀਜ ਦੀ ਦੂਰੀ 9 ਇੰਚ ਅਤੇ ਕਤਾਰ ਤੋਂ ਕਤਾਰ ਦੀ ਦੂਰੀ 9 ਇੰਚ ਰੱਖੋ।

ਨੋਟ:- ਕਣਕ ਨੂੰ ਪਹਿਲਾ ਪਾਣੀ 40 ਦਿਨ ਬਾਅਦ ਹੀ ਲਗਾਓ।

ਮਟਰ (P-89)

ਮਟਰ ਦੀ ਬਿਜਾਈ ਕਣਕ ਦੇ ਨਾਲ ਹੀ ਹੋਵੇਗੀ ਮਟਰ ਦਾ ਬੀਜ ਪਟੜਿਆਂ ਦੇ ਵਿਚਕਾਰ ਲਗਾਓ। ਬੀਜ ਤੋਂ ਬੀਜ 1.5 ਫੁੱਟ ਦੀ ਦੂਰੀ ਤੇ ਲਗਾਓ।

ਮੈਂਥਾ- ਬੰਦ ਖ਼ਾਲੀਆਂ ਨੂੰ ਖੋਲ ਲਵੋ। ਖ਼ਾਲੀਆਂ ਵਿੱਚ ਪਾਣੀ ਲਗਾਓ।ਸਾਰੀਆਂ ਖ਼ਾਲਾ ਦੀਆਂ ਢਲਾਣਾਂ ਤੇ ਮੈਂਥੇ ਦੀਆਂ ਗੱਠਾਂ(nots)

ਲਗਾਓ। ਗੱਠ ਤੋਂ ਗੱਠ ਦੀ ਦੂਰੀ 9 ਇੰਚ ਰੱਖੋ।

ਫਗਵਾੜਾ ਗੁਡ ਗਰੋ ਤਕਨੀਕ ਰਾਹੀਂ ਕਣਕ ਵਿੱਚ ਰਲਵੀਆਂ ਫਸਲਾ ਦੀ ਸਾਰਣੀ ਨੰ-2

ਪਾਣੀ ਦੀ 80% ਬੱਚਤ, ਬੀਜ ਦੀ 90% ਬੱਚਤ, ਖਰਚਾ ਇੱਕ ਫਸਲ ਤੋਂ ਵੀ 50% ਘੱਟ, ਆਮਦਨ ਦੁੱਗਣੀ।

| ਲੜੀ ਨੰ | ਫਸਲ | ਬੀਜਣ ਦਾ ਸਮਾਂ | ਬੀਜ ਦੀ ਮਾਤਰਾ / ਏਕੜ | ਪੱਕਣ ਦਾ ਸਮਾਂ | ਝਾੜ / ਏਕੜ | ਰੇਟ / ਕੁਇੰਟਲ |
|---|---|---|---|---|---|---|
| 1 | ਕਣਕ | ਨਵੰਬਰ | 32000 ਬੀਜ / 1250 Gm | ਅਪ੍ਰੈਲ | 15 Qnt. | 2015 |
| 2 | ਛੋਲੇ | ਅਕਤੂਬਰ | 6500 ਬੀਜ | ਅਪ੍ਰੈਲ | 6 Qnt. | 5100 |
| 3 | ਮੈਂਥਾ | ਜਨਵਰੀ-ਫਰਵਰੀ | 20 Kg / 32000 Nodes | ਜੂਨ | 50 Kg | 700-1500/Kg |

ਲਗਭਗ (ਅੰਦਾਜਨ) ਆਮਦਨ 115825

ਖੇਤੀ ਦਾ ਆਧੁਨਿਕ ਤਰੀਕਾ

ਇਸ ਸਰਿਣੀ ਵਿੱਚ ਦਰਸਾਈਆਂ ਫਸਲਾਂ ਦੀ ਕਾਸ਼ਤ ਲਈ ਤਿਆਰ ਕੀਤੇ ਪਟੜਿਆਂ ਦੀ ਇਕ ਖ਼ਾਲ ਬੰਦ ਅਤੇ ਦੂਜੀ ਖੁੱਲੀ ਰੱਖੀ ਜਾਵੇ।

ਕਣਕ-

ਖੁਲੀਆਂ ਖ਼ਾਲਾਂ ਵਿੱਚ ਪਾਣੀ ਲਗਾਓ। ਪਾਣੀ ਨੂੰ ਪਟੜਿਆਂ ਉੱਪਰ ਨਾਂ ਚੜ੍ਹਣ ਦਿਓ।

ਵਤਰ ਆਉਣ ਤੇ ਕਣਕ ਦੇ ਬੀਜ ਦੀਆਂ 2 ਕਤਾਰਾਂ ਪਟੜੇ ਦੇ ਕਿਨਾਰੇ ਤੋਂ 3 ਇੰਚ ਦੂਰ ਲਗਾਓ। ਬੀਜ ਤੋਂ ਬੀਜ ਦੀ ਦੂਰੀ 9 ਇੰਚ ਅਤੇ ਕਤਾਰ ਤੋਂ ਕਤਾਰ ਦੀ ਦੂਰੀ 9 ਇੰਚ ਰੱਖੋ।

ਨੋਟ:- ਕਣਕ ਨੂੰ ਪਹਿਲਾ ਪਾਣੀ 40 ਦਿਨ ਬਾਅਦ ਹੀ ਲਗਾਓ।

ਛੋਲੇ-

ਖੇਤ ਨੂੰ ਪਾਣੀ ਲਗਾਓ। ਛੋਲਿਆਂ ਦਾ ਬੀਜ ਪਟੜਿਆਂ ਦੇ ਵਿਚਕਾਰ ਲਗਾਓ। ਬੀਜ ਤੋਂ ਬੀਜ 1.5 ਫੁੱਟ ਦੀ ਦੂਰੀ ਤੇ ਲਗਾਓ।

ਮੈਂਥਾ-

ਬੰਦ ਖ਼ਾਲੀਆਂ ਨੂੰ ਖੋਲ ਲਵੋ। ਖ਼ਾਲੀਆਂ ਵਿੱਚ ਪਾਣੀ ਲਗਾਓ।ਸਾਰੀਆਂ ਖ਼ਾਲਾ ਦੀਆਂ ਢਲਾਣਾਂ ਤੇ ਮੈਂਥੇ ਦੀਆਂ ਗੱਠਾਂ(nots)

ਲਗਾਓ। ਗੱਠ ਤੋਂ ਗੱਠ ਦੀ ਦੂਰੀ 9 ਇੰਚ ਰੱਖੋ।

ਫਗਵਾੜਾ ਗੁਡ ਗਰੋ ਤਕਨੀਕ ਰਾਹੀਂ ਕਣਕ ਵਿੱਚ ਰਲਵੀਆਂ ਫਸਲਾ ਦੀ ਸਾਰਣੀ ਨੰ-3

ਪਾਣੀ ਦੀ 80% ਬੱਚਤ, ਬੀਜ ਦੀ 90% ਬੱਚਤ, ਖਰਚਾ ਇੱਕ ਫਸਲ ਤੋਂ ਵੀ 50% ਘੱਟ, ਆਮਦਨ ਦੁੱਗਣੀ।

| ਲੜੀ ਨੰ | ਫਸਲ | ਬੀਜਣ ਦਾ ਸਮਾਂ | ਬੀਜ ਦੀ ਮਾਤਰਾ / ਏਕੜ | ਪੱਕਣ ਦਾ ਸਮਾਂ | ਝਾੜ / ਏਕੜ | ਰੇਟ / ਕੁਇੰਟਲ |
|---|---|---|---|---|---|---|
| 1 | ਕਣਕ | ਨਵੰਬਰ | 32000 ਬੀਜ / 1250 Gm | ਅਪ੍ਰੈਲ | 15 Qnt. | 2015 |
| 2 | ਮਸਰ | ਨਵੰਬਰ | 32000 ਬੀਜ | ਮਾਰਚ | 3 Qnt. | 5100 |
| 3 | ਮੈਂਥਾ | ਜਨਵਰੀ-ਫਰਵਰੀ | 20 Kg / 32000 Nodes | ਜੂਨ | 50 Kg | 700-1500/Kg |

ਲਗਭਗ (ਅੰਦਾਜਨ) ਆਮਦਨ 100525

ਖੇਤੀ ਦਾ ਆਧੁਨਿਕ ਤਰੀਕਾ

ਕਣਕ-

ਖ਼ਾਲਾਂ ਵਿੱਚ ਪਾਣੀ ਲਗਾਓ। ਪਾਣੀ ਨੂੰ ਪਟੜਿਆਂ ਉੱਪਰ ਨਾਂ ਚੜ੍ਹਣ ਦਿਓ।

ਵਤਰ ਆਉਣ ਤੇ ਕਣਕ ਦੇ ਬੀਜ ਦੀਆਂ 2 ਕਤਾਰਾਂ ਪਟੜੇ ਦੇ ਕਿਨਾਰੇ ਤੋਂ 3 ਇੰਚ ਦੂਰ ਲਗਾਓ। ਬੀਜ ਤੋਂ ਬੀਜ ਦੀ ਦੂਰੀ 9 ਇੰਚ ਅਤੇ ਕਤਾਰ ਤੋਂ ਕਤਾਰ ਦੀ ਦੂਰੀ 9 ਇੰਚ ਰੱਖੋ।

ਨੋਟ:- ਕਣਕ ਨੂੰ ਪਹਿਲਾ ਪਾਣੀ 40 ਦਿਨ ਬਾਅਦ ਹੀ ਲਗਾਓ।

ਮਸਰ-

ਖੇਤ ਨੂੰ ਪਾਣੀ ਲਗਾਓ।ਵਤਰ ਆਉਣ ਤੇ ਕਣਕ ਦੇ ਦੂਜੇ ਪਾਸੇ ਮਸਰਾਂ ਦੀਆਂ ਦੋ ਕਤਾਰਾਂ ਲਗਾਓ। ਕਤਾਰਾਂ ਪਟੜੇ ਦੇ ਕਿਨਾਰੇ ਤੋਂ 3 ਇੰਚ ਦੂਰ ਲਗਾਓ। ਬੀਜ ਤੋਂ ਬੀਜ ਦੀ ਦੂਰੀ 9 ਇੰਚ ਅਤੇ ਕਤਾਰ ਤੋਂ ਕਤਾਰ ਦੀ ਦੂਰੀ 9 ਇੰਚ ਰੱਖੋ।

ਮੈਂਥਾ-

ਬੰਦ ਖ਼ਾਲੀਆਂ ਨੂੰ ਖੋਲ ਲਵੋ। ਖ਼ਾਲੀਆਂ ਵਿੱਚ ਪਾਣੀ ਲਗਾਓ।ਸਾਰੀਆਂ ਖ਼ਾਲਾ ਦੀਆਂ ਢਲਾਣਾਂ ਤੇ ਮੈਂਥੇ ਦੀਆਂ ਗੱਠਾਂ(nots)

ਲਗਾਓ। ਗੱਠ ਤੋਂ ਗੱਠ ਦੀ ਦੂਰੀ 9 ਇੰਚ ਰੱਖੋ।